ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP
CAR RENTALS & TAXI SERVICE 24 HOURS

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Otttawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 32, Issue No. 52 Ending Date: Dec 26, 2025

ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR
LAKHJIT SARANG
604-613-9100

# ਕੈਨੇਡਾ ਵਿਚ ਸਿੱਖਾਂ ਵੱਲੋਂ ਵੱਡੇ ਇਕੱਠ

## ਕਨੇਡਾ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਹੋ ਰਹੀਆਂ ਵਾਰਦਾਤਾਂ ਦੇ ਮੱਦੇਨਜ਼ਰ ਬੀ.ਸੀ. ਦੇ ਸਰੀ ਅਤੇ ਐਲਬਰਟਾ ਦੇ ਕੈਲਗਰੀ ਸ਼ਹਿਰ ਵਿਖੇ ਕੀਤੀਆਂ ਟਾਊਨ ਹਾਲ ਮੀਟਿੰਗਾਂ




ਸਰੀ : ਕੈਨੇਡਾ ਭਰ ਦੇ ਸਿੱਖ ਸੰਗਠਨ 14 ਦਸੰਬਰ ਐਤਵਾਰ ਨੂੰ ਸਰੀ, ਬੀ.ਸੀ. ਵਿੱਚ ਟਾਊਨ ਹਾਲ ਮੀਟਿੰਗ ਲਈ ਇਕੱਠੇ ਹੋਏ। ਇਸ ਸੰਕਟ ਨੇ ਦੱਖਣੀ ਏਸ਼ੀਆਈ ਭਾਈਚਾਰਿਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ, ਜਿਸ ਵਿੱਚ ਹੁਣ ਤੱਕ 100 ਤੋਂ ਵੱਧ ਘਰਾਂ ਅਤੇ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਕੈਨੇਡਾ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਹੋ ਰਹੀਆਂ ਵਾਰਦਾਤਾਂ ਦੇ ਮੱਦੇਨਜ਼ਰ ਬੀ.ਸੀ. ਦੇ ਸਰੀ ਅਤੇ ਐਲਬਰਟਾ ਦੇ ਕੈਲਗਰੀ ਵਿਖੇ ਵੱਡੇ ਇਕੱਠ ਕੀਤੇ ਗਏ। ਸਰੀ ਦੇ ਟਾਊਨ ਹਾਲ ਤੋਂ ਕੁਝ ਘੰਟੇ ਪਹਿਲਾਂ ਐਕਟੌਰਸ਼ਨ ਨਾਲ ਸਬੰਧਤ ਗੋਲੀਆਂ ਚੱਲੀਆਂ ਅਤੇ ਸਿੱਖ ਜਥੇਬੰਦੀਆਂ ਦੇ ਬੁਲਾਰਿਆਂ ਨੇ ਡੂੰਘੀ ਚਿੰਤਾ ਜ਼ਾਹਰ ਕੀਤੀ ਕਿ ਭਾਈਚਾਰੇ ਵਿਰੁੱਧ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਵਰਲਡ

# ਐਬਟਸਫੋਰਡ ਵਿਖੇ ਛੁਰੇਬਾਜ਼ੀ ਦੌਰਾਨ ਇੱਕ ਹਲਾਕ

ਐਬਸਫ਼ੋਰਡ:ਬੀ.ਸੀ. ਦੇ ਐਬਸਫ਼ੋਰਡ ਵਿਖੇ ਛੁਰੇਬਾਜ਼ੀ ਦੌਰਾਨ ਇਕ ਜਣੇ ਦੀ ਮੌਤ ਹੋ ਗਈ ਅਤੇ ਪੁਲਿਸ ਨੇ ਤੁਰਤ ਕਾਰਵਾਈ ਕਰਦਿਆਂ ਸ਼ੱਕੀ ਨੂੰ ਗ੍ਰਿਫ਼ਤਾਰ ਕਰ ਲਿਆ। ਜਾਂਚਕਰਤਾਵਾਂ ਨੇ ਦੱਸਿਆ ਕਿ ਵਾਰਦਾਤ ਐਤਵਾਰ ਸਵੇਰੇ ਤਕਰੀਬਨ 11 ਵਜੇ ਮੈਕ੍ਰੀਮਨ ਡਰਾਈਵ ਦੇ 33900 ਬਲਾਕ ਵਿਚ ਵਾਪਰੀ। ਮੌਕੇ 'ਤੇ ਪੁੱਜੇ ਪੁਲਿਸ ਅਫ਼ਸਰਾਂ ਨੂੰ ਇਕ ਸ਼ਖਸ ਗੰਭੀਰ ਜ਼ਖਮੀ ਹਾਲਤ ਵਿਚ ਮਿਲਿਆ ਜਿਸ ਨੂੰ ਐਮਰਜੰਸੀ ਕਾਮਿਆਂ ਵੱਲੋਂ ਹਸਪਤਾਲ ਲਿਜਾਣ ਦਾ ਯਤਨ ਕੀਤਾ ਗਿਆ ਪਰ ਉਸ ਨੇ ਮੌਕੇ 'ਤੇ ਹੀ ਦਮ ਤੋੜ ਦਿਤਾ। ਐਬਸਫ਼ੋਰਡ ਪੁਲਿਸ ਦੇ ਮੇਜਰ ਕ੍ਰਾਈਮ ਯੂਨਿਟ ਵੱਲੋਂ ਮਾਮਲੇ ਦੀ ਪੜਤਾਲ ਇੰਟੈਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੂੰ ਸੌਂਪੀ ਜਾ ਰਹੀ ਹੈ ਅਤੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਕੋਲ ਮਾਮਲੇ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਆਈਹਿਟ ਇਨਫ਼ੋਲਾਈਨ 1877 551 4448 'ਤੇ ਕਾਲ ਕੀਤੀ ਜਾਵੇ। ਦੂਜੇ ਪਾਸੇ ਐਤਵਾਰ ਸਵੇਰੇ ਸਰੀ ਦੇ ਪਰੌਂਠਾ ਟੂ ਪਾਸਤਾ ਰੈਸਟੋਰੈਂਟ 'ਤੇ ਗੋਲੀਆਂ ਚੱਲਣ ਦੀ ਰਿਪੋਰਟ ਹੈ। ਸਰੀ ਪੁਲਿਸ ਨੇ ਦੱਸਿਆ ਕਿ ਵਾਰਦਾਤ 120 ਸਟ੍ਰੀਟ ਦੇ 8 ਹਜ਼ਾਰ ਬਲਾਕ ਵਿਚ ਵਾਪਰੀ ਅਤੇ ਰੈਸਟੋਰੈਂਟ ਦਾ ਬਾਹਰੀ ਹਿੱਸਾ ਨੁਕਸਾਨਿਆ ਗਿਆ ਪਰ ਖੁਸ਼ਕਿਸਮਤੀ ਨਾਲ ਕੋਈ ਜ਼ਖਮੀ ਨਹੀਂ ਹੋਇਆ। ਸਰੀ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਮਾਮਲੇ ਬਾਰੇ ਕੋਈ ਜਾਣਕਾਰੀ ਹੋਵੇ ਤਾਂ 604 599 0502 'ਤੇ ਸੰਪਰਕ ਕੀਤਾ ਜਾਵੇ।

ਸਿੱਖ ਆਰਗੇਨਾਈਜ਼ੇਸ਼ਨ ਆਫ਼ ਕੈਨੇਡਾ ਦੇ ਐਲਬਰਟਾ ਰੀਜਨ ਦੇ ਪ੍ਰਧਾਨ ਜਸਕਰਨ ਸੰਧੂ ਨੇ ਸਪੱਸ਼ਟ ਲਫ਼ਜ਼ਾਂ ਵਿਚ ਕਿਹਾ ਕਿ ਹਿੰਸਾ ਤੋਂ ਪੀੜਤ ਕਮਿਊਨਿਟੀਜ਼ ਦੇ ਮਾਮਲੇ ਵਿਚ ਸਿੱਖਾਂ ਨੂੰ ਇਕ ਵੱਖਰੀ ਧਿਰ ਬਣਾ ਦਿਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਐਕਸਟੌਰਸ਼ਨ ਦਾ ਮਸਲਾ ਸਿਰਫ਼ ਸਰੀ ਹੀਂ ਤੱਕ ਸੀਮਤ ਨਹੀਂ ਸਗੋਂ ਕੌਮੀ ਪੱਧਰ ਜਾਂ ਉਸ ਤੋਂ ਵੀ ਅੱਗੇ ਫੈਲਿਆ ਹੋਇਆ ਹੈ। ਬੁਲਾਰਿਆਂ ਨੇ ਉਮੀਦ ਜ਼ਾਹਰ ਕੀਤੀ ਕਿ ਜਦੋਂ ਲੋਕ ਬੋਲਣਾ ਸ਼ੁਰੂ ਕਰਨਗੇ ਤਾਂ ਕਾਨੂੰਨ ਘਾੜੇ ਲਾਜ਼ਮੀ ਤੌਰ 'ਤੇ ਮਸਲਾ ਹੱਲ ਕਰਨ ਲਈ ਇਕ ਤੋਂ ਵੱਧ ਨਜ਼ਰੀਏ ਤਹਿਤ ਵਿਚਾਰ ਕਰਨਗੇ। ਭਾਵੇਂ ਜ਼ਿਆਦਾਤਰ ਵਾਰਦਾਤਾਂ ਉਨਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਵਾਪਰੀਆਂ ਪਰ ਕੈਲਗਰੀ ਵਿਚ ਸਾਊਥ (ਬਾਕੀ ਸਫਾ ਬੀ-04 ਤੇ)

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ
ਕੰਸਟਰਕਸ਼ਨ ਮੌਰਟਗੇਜ
ਕਮਰਸ਼ੀਅਲ ਲੋਨ
ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ
ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
ਸੰਤੋਖ ਸਿੰਘ ਸਿੱਧੂ
604-852-2204

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST.
(PAYAL BUSINESS CENTRE) SURREY

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ। ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜਾਨਾ
Ph:604-209-2722

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿਮ.
24k & 22k
Gold Jewelry
Lucky Stones
Gemstones
40% OFF
Seiko & Citizen
Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਨਵੇਂ ਅਤੇ ਪੁਰਾਣੇ ਟਰੱਕ ਅਤੇ ਟਰੇਲਰ, ਬੱਸਾਂ ਖਰੀਦਣ ਲਈ ਇਕ ਸਟਾਪ ਮੰਜ਼ਿਲ
ਵਧੇਰੇ ਜਾਣਕਾਰੀ ਲਈ ਫੋਨ ਕਰੋ:672-727-9560
(ਇਸ਼ਤਿਹਾਰ ਸਫਾ ਬੀ-7 ਤੇ ਦੇਖੋ)

Pacific HOME WARRANTY
J&J FRESH LOOK HOMES LTD..
ਫਰੇਮਿੰਗ ਦੇ ਕਈ ਸਾਲਾਂ ਦੇ ਤਰਜਬੇ ਤੋਂ ਬਾਦ ਹੁਣ ਮੁਕੰਮਲ ਘਰ ਬਣਾਉਣ ਦਾ ਕੰਮ ਸ਼ੁਰੂ
*Custom Houses *Project Management
*Residential *Buildings
Jarnail Singh Maan:
604.832.9308
maanjarnail@gmail.com
#136-1779 Clearbrook Rd, Abbotsford

MOHIE Travel Ltd.
#136-1779 Clearbrook Rd, Abbotsford
• DOMESTIC & INTERNATIONAL TICKETS
• TOURS , CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan
604-746-9222
Email:mohietravel@gmail.com

Universal Auto Collision Ltd.
• ICBC Claims • Private Claims • Free Courtesy Cars
• Auto Glass Replacement • Free Estimates
We Moved To New Location
27441-FRASER HWY. ALDERGROVE, BC
» ਆਈ. ਸੀ. ਬੀ. ਕਲੇਮਜ਼ » ਪ੍ਰਾਈਵੇਟ ਕਲੇਮਜ਼ » ਫਰੀ ਐਸਟੀਮੇਟ
» ਫਰੀ ਕਰਟਸੀ ਕਾਰ » ਆਟੋ ਗਲਾਸ ਰਿਪਲੇਸਮੈਂਟ
Fax: 604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ
778-552-0305


FARM AND SPICE
FARM AND SPICE
Weekly Special
*Special Sampling in Certain Stores*
Dec 19 - 25
ਅਦਰਕ
Ginger
Per lb
$1.49
ਅਨਾਰ
Pomegranate
each
$1.99
ਨਿੰਬੂ
Limes
4 for
$0.99
ਕੀਵੀ
Kiwi
1 lb
5 Pcs
$2.99
ਰੁਸੇਟ ਆਲੂ
Russet Potato
10 Lbs
$3.99
ਲੌਕੀ
Opo Long
Per lb
$1.49
ਸੰਤਰੇ
Large Orange
Per lb
$0.99
ਹਰੀ ਇਲਾਇਚੀ
Green Cardamom Bulk
Per lb
$32.99
ਸ਼ੇਰ ਬੇਸਨ / ਮਕੀ ਆਟਾ
Sher Besan / Makki Da Atta
4 Lbs
$4.99
ਹਾਂਡੀ ਫੁਲ ਮਖਾਣਾ
Handi Phool Makhana
400 gms
$14.99
ਅੰਬੇ ਬਾਸਮਤੀ
Ambay Everyday Basmati Rice
8 Lbs
$6.99
ਵੇਰਕਾ ਪਨੀਰ
Verka Fresh Paneer
300 gms
$3.99
ਬਾਜ਼ ਆਟਾ
Baaz Atta
20 Lbs
$10.99
ਅੰਬੇ ਸੁਜੀ / ਦੁਦ / ਗੁੜ ਰਸ
Ambay Suji / Milk / Gur Rusk
350 gms
$1.99
ਸ਼ੇਰ ਸ਼ੂਗਰ
Sher White Sugar
8 Lbs
$7.99
ਇੰਡੀਅਨ ਭੁੰਨਿਆ ਮੂੰਗਫਲੀ
Indian Roasted Peanuts Bulk
Per lb
$3.99
*while supply last
Open 7 Days a Week
8:30 am to 10:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਬ੍ਰਿਟਿਸ਼ ਕੋਲੰਬੀਆ ਪੁਲਿਸ ਵੱਲੋਂ ਆਮ ਜਨਤਾ ਲਈ ਖਤਰੇ ਬਣੇ 11 ਲੋਕਾਂ ਦੀ ਸੂਚੀ ਜਾਰੀ

ਬ੍ਰਿਟਿਸ਼ ਕੋਲੰਬੀਆ- ਬੀਤੇ ਕੁਝ ਮਹੀਨਿਆਂ ਤੋਂ ਭਾਰਤ ਤੋਂ ਇਲਾਵਾ ਕੈਨੇਡਾ ਤੇ ਅਮਰੀਕਾ ਵਰਗੇ ਦੇਸ਼ਾਂ 'ਚ ਵੀ ਲਗਾਤਾਰ ਅੱਤਵਾਦੀ ਹਮਲੇ, ਗੈਂਗਵਾਰ ਅਤੇ ਫਿਰੌਤੀਆਂ ਮੰਗਣ ਦੀਆਂ ਘਟਨਾਵਾਂ ਤੇਜ਼ੀ ਨਾਲ ਵਧੀਆਂ ਹਨ। ਇਸ ਦੌਰਾਨ ਕੈਨੇਡਾ ਤੋਂ ਇਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਬ੍ਰਿਟਿਸ਼ ਕੋਲੰਬੀਆ ਪੁਲਿਸ ਨੇ ਇਕ ਪਬਲਿਕ ਵਾਰਨਿੰਗ ਜਾਰੀ ਕੀਤੀ ਹੈ। ਬ੍ਰਿਟਿਸ਼ ਕੋਲੰਬੀਆ ਪੁਲਿਸ ਨੇ 11 ਲੋਕਾਂ ਦੀ ਇਕ ਸੂਚੀ ਜਾਰੀ ਕੀਤੀ ਹੈ, ਜਿਸ 'ਚ ਉਨ੍ਹਾਂ ਨੂੰ ਗੈਂਗਵਾਰ ਤੇ ਇਲਾਕੇ 'ਚ ਲਗਾਤਾਰ ਹਿੰਸਕ ਹਮਲੇ ਕਰਨ ਲਈ ਆਮ ਜਨਤਾ ਲਈ ਖ਼ਤਰਾ ਕਰਾਰ ਦਿੱਤਾ ਗਿਆ ਹੈ। ਇਸ ਲਿਸਟ 'ਚ ਸ਼ਕੀਲ ਬਸਰਾ (28), ਜਗਦੀਪ ਚੀਮਾ (30), ਅਮਰਪ੍ਰੀਤ ਸਮਰਾ (28), ਰਵਿੰਦਰ ਸਮਰਾ (35), ਬਰਿੰਦਰ ਧਾਲੀਵਾਲ (39), ਐਂਡੀ ਸੇਂਟ ਪੀਅਰ (40), ਗੁਰਪ੍ਰੀਤ ਧਾਲੀਵਾਲ (35), ਰਿਚਰਡ ਜੋਸਫ ਵ੍ਹਿਟਲੌਕ (40), ਸਮਰੂਪ ਗਿੱਲ (29), ਸਮਦਿਸ਼ ਗਿੱਲ (28) ਤੇ ਸੁਖਦੀਪ ਪੰਸਲ (33) ਦਾ ਨਾਂ ਸ਼ਾਮਲ ਹੈ। ਪੁਲਿਸ ਨੇ ਇਨ੍ਹਾਂ ਲੋਕਾਂ ਨੂੰ ਆਮ ਜਨਤਾ ਲਈ ਖ਼ਤਰਾ ਕਰਾਰ ਦਿੰਦੇ ਹੋਏ ਇਨ੍ਹਾਂ ਲੋਕਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਹੈ। ਪੁਲਿਸ ਨੇ ਕਿਹਾ ਹੈ ਕਿ ਜੇਕਰ ਇਨ੍ਹਾਂ 'ਚੋਂ ਕਿਸੇ ਨਾਲ ਵੀ ਕੋਈ ਸੰਪਰਕ 'ਚ ਹੈ, ਤਾਂ ਉਹ ਆਪਣੀ ਜਾਨ ਖ਼ਤਰੇ 'ਚ ਪਾ ਰਿਹਾ ਹੈ, ਕਿਉਂਕਿ ਇਹ ਲੋਕ ਲਗਾਤਾਰ ਗੈਂਗਵਾਰ ਤੇ ਹਿੰਸਾ 'ਚ ਸ਼ਾਮਲ ਰਹੇ ਹਨ।

# ਬਦਲਾਅ ਨਾਮ ਬਦਲਣ ਨਾਲ ਨਹੀਂ ਕੰਮ ਕਰਨ ਨਾਲ ਆਵੇਗਾ:ਮਾਨ

ਚੰਡੀਗੜ੍ਹ:-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਦੇ ਨਵੇਂ ਪੇਂਡੂ ਰੋਜ਼ਗਾਰ ਬਿੱਲ'ਤੇ ਤਨਜ਼ ਕਸਦਿਆਂ ਕਿਹਾ ਕਿ ਕੇਂਦਰ ਨੇ ਪਹਿਲਾਂ ਰੇਲਵੇ ਸਟੇਸ਼ਨਾਂ ਅਤੇ ਸ਼ਹਿਰਾਂ ਦੇ ਨਾਮ ਬਦਲੇ ਅਤੇ ਹੁਣ ਉਹ ਸੰਸਥਾਵਾਂ ਦੇ ਨਾਮ ਬਦਲਣ ਵਿੱਚ ਰੁੱਝੇ ਹੋਏ ਹਨ। ਉਨ੍ਹਾਂ ਕਿਹਾ ਕਿ ਸਿਰਫ਼ ਨਾਮ ਬਦਲਣ ਨਾਲ ਕੁਝ ਨਹੀਂ ਹੁੰਦਾ, ਅਸਲ ਬਦਲਾਅ ਕੰਮ ਕਰਨ ਨਾਲ ਆਉਂਦਾ ਹੈ। ਮੁੱਖ ਮੰਤਰੀ ਮਾਨ ਨੇ ਵਿਅੰਗ ਕਰਦਿਆਂ ਕਿਹਾ, "ਉਨ੍ਹਾਂ ਨੇ ਸਟੇਸ਼ਨ ਅਤੇ ਸ਼ਹਿਰ ਬਦਲ ਦਿੱਤੇ, ਹੁਣ ਸਿਰਫ਼ ਦੇਸ਼ ਦਾ ਨਾਮ ਬਦਲਣਾ ਰਹਿ ਗਿਆ ਹੈ।" ਉਨ੍ਹਾਂ ਕਿਹਾ ਕਿ ਜੇਕਰ ਕਿਸੇ ਦਾ ਨਾਮ ਬਦਲ ਕੇ ਅਮਿਤਾਭ ਬੱਚਨ ਜਾਂ ਸ਼ਾਹਰੁਖ ਖ਼ਾਨ ਰੱਖ ਦਿੱਤਾ ਜਾਵੇ, ਤਾਂ ਉਹ ਅਸਲ ਵਿੱਚ ਉਹ ਸ਼ਖ਼ਸੀਅਤ ਨਹੀਂ ਬਣ ਜਾਂਦਾ। ਲੋਕ ਚਾਹੁੰਦੇ ਹਨ ਕਿ ਕੰਮ ਹੋਵੇ, ਭਾਵੇਂ ਤੁਸੀਂ ਸ਼ਹਿਰ ਨੂੰ ਪ੍ਰਯਾਗਰਾਜ ਕਹੋ ਜਾਂ ਇਲਾਹਾਬਾਦ। ਇਸਦੇ ਨਾਲ ਹੀ ਮੁਹਾਲੀ ਵਿੱਖੇ ਕਬੱਡੀ ਖਿਡਾਰੀ ਦੇ ਹੋਏ ਕਤਲ ਬਾਰੇ ਵਿਰੋਧੀ ਧਿਰ ਵੱਲੋਂ ਘੇਰੇ ਜਾਣ 'ਤੇ ਮੁੱਖ ਮੰਤਰੀ ਨੇ ਸਖ਼ਤ ਰੁਖ਼ ਅਖ਼ਤਿਆਰ ਕੀਤਾ ਅਤੇ ਕਿਹਾ ਜੋ ਕੋਈ ਵੀ ਪੰਜਾਬ ਦੀ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰੇਗਾ, ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਅਪਰਾਧ ਕਰਕੇ ਕੋਈ ਵੀ ਬਚ ਨਹੀਂ ਸਕੇਗਾ।

# ਕੀ ਭਾਜਪਾ 'ਗਾਂਧੀ' ਦਾ ਨਾਮ ਭਾਰਤ 'ਚੋਂ ਖਤਮ ਕਰਨਾ ਚਾਹੁੰਦੀ ਹੈ?

## ਮਹਾਤਮਾ ਗਾਂਧੀ ਦੇ ਨਾਮ ਬਣੀ ਮਨਰੇਗਾ ਦੀ ਥਾਂ ਹੁਣ 'ਵਿਕਸਿਤ ਭਾਰਤ-ਜੀ ਰਾਮ ਜੀ' ਸਕੀਮ ਲਿਆ ਰਹੀ ਹੈ ਭਾਜਪਾ

ਦਿੱਲੀ(ਚਰਨਜੀਤ ਕੌਰ):ਵਿਕਸਿਤ ਭਾਰਤ ਗਰੰਟੀ ਫਾਰ ਰੁਜ਼ਗਾਰ ਅਤੇ ਅਜੀਵਿਕਾ ਮਿਸ਼ਨ ਭਾਵ ਵੀਬੀ-ਜੀ ਰਾਮ ਜੀ ਨਾਮ ਦਾ ਬਿੱਲ ਮੰਗਲਵਾਰ ਨੂੰ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ ਹੈ। ਜੇਕਰ ਇਹ ਬਿੱਲ ਪਾਸ ਹੁੰਦਾ ਹੈ ਤਾਂ ਇਹ ਦੋ ਦਹਾਕੇ ਪੁਰਾਣੀ ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇੰਪਲੌਏਮੈਂਟ ਗਾਰੰਟੀ ਸਕੀਮ ਦੀ ਥਾਂ ਲਵੇਗਾ। ਆਮ ਲੋਕਾਂ ਵਿੱਚ ਚਰਚਾ ਹੈ ਭਾਜਪਾ ਵੱਲੋਂ ਗਾਂਧੀ ਅਤੇ ਕਾਂਗਰਸ ਨੂੰ ਦੇਸ਼ ਵਿੱਚੋਂ ਖਤਮ ਕਰਨਾ ਚਹੁੰਦੀ ਹੈ।

ਸਕੀਮ ਦਾ ਨਾਮ ਬਦਲਣ ਤੋਂ ਲੈ ਕੇ ਬਿੱਲ ਵਿਚਲੀਆਂ ਕੁਝ ਤਜਵੀਜ਼ਾਂ ਉੱਤੇ ਵਿਰੋਧੀ ਧਿਰਾਂ ਸਰਕਾਰ ਉੱਤੇ ਸਵਾਲ ਖੜ੍ਹੇ ਕਰ ਰਹੀਆਂ ਹਨ। ਦੂਜੇ ਪਾਸੇ ਸਰਕਾਰ ਨੇ ਕਿਹਾ ਹੈ ਕਿ ਵਿਰੋਧੀਆਂ ਦੇ ਇਲਜ਼ਾਮ ਗੁਮਰਾਹਕੁੰਨ ਹਨ। ਮਨਰੇਗਾ ਦਾ ਨਾਮ ਬਦਲਣ ਦੇ ਮੁੱਦੇ ਉੱਤੇ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਸੰਸਦ ਕੰਪਲੈਕਸ ਵਿੱਚ ਮਹਾਤਮਾ ਗਾਂਧੀ ਦੇ ਬੁੱਤ ਕੋਲ ਮਹਾਤਮਾ ਗਾਂਧੀ ਦੀਆਂ ਤਸਵੀਰਾਂ ਹੱਥ ਵਿੱਚ ਲੈ ਕੇ ਪ੍ਰਦਰਸ਼ਨ ਕੀਤਾ। ਅਕਾਲੀ ਦਲ ਦੇ ਬਠਿੰਡਾ ਤੋਂ ਸਾਂਸਦ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਅਫਸੋਸ ਹੈ ਕਿ ਸੰਸਦ ਬਣੀ ਹੈ ਗਰੀਬਾਂ ਦਾ ਭਲਾ ਕਰਨ ਦੇ ਲਈ ਪਰ ਸਾਰੇ ਸੈਸ਼ਨ ਵਿੱਚ ਵੰਦੇ ਮਾਤਰਮ ਵਰਗੇ ਮੁੱਦਿਆਂ ਉੱਤੇ ਲੰਬੀ ਬਹਿਸ ਦਾ ਸਮਾਂ ਹੈ, ਜਿਸ ਤੋਂ ਗਰੀਬਾਂ ਨੂੰ ਕੋਈ ਸਿੱਧਾ ਫਾਇਦਾ ਨਹੀਂ ਹੋਣਾ। ਉਨ੍ਹਾਂ ਕਿਹਾ, "ਹੁਣ ਜਦੋਂ ਤਿੰਨ ਦਿਨ ਰਹਿ ਗਏ ਸੈਸ਼ਨ ਦੇ ਤਾਂ ਅਜਿਹਾ ਬਿੱਲ ਲੈ ਆਏ। ਦੱਸੋ ਨਾਮ ਬਦਲ ਕੇ ਗਰੀਬਾਂ ਦਾ ਕੀ ਭਲਾ ਹੋਵੇਗਾ। ਉਨ੍ਹਾਂ ਕਿਹਾ, "ਦੁੱਖ ਦੀ ਗੱਲ ਇਹ ਹੈ ਕਿ ਇਸ ਨਵੇਂ ਕਾਨੂੰਨ ਨਾਲ ਮਨਰੇਗਾ ਵਿੱਚੋਂ ਤੁਸੀਂ ਗਰੀਬ ਦਾ ਹੱਕ ਖੋਹ ਰਹੇ ਹੋ ਅਤੇ ਭਗਵਾਨ ਰਾਮ ਦੇ ਨਾਮ ਪਿੱਛੇ ਤੁਸੀਂ ਲੁਕ ਰਹੇ ਹੋ।" ਪੰਜਾਬ ਦੀ ਆਮ ਆਦਮੀ ਪਾਰਟੀ ਦੇ ਆਗੂ ਨੀਲ ਗਰਗ ਨੇ ਕਿਹਾ, "ਨਵੇਂ ਬਿੱਲ ਨਾਲ ਕੇਂਦਰ ਦੀ ਭਾਜਪਾ ਨੇ ਮਜ਼ਦੂਰ ਦੇ ਚੁੱਲ੍ਹੇ ਨੂੰ ਗ੍ਰਹਿਣ ਲਾਇਆ ਹੈ। ਬੀਜੇਪੀ ਵੱਲੋਂ ਸੋਸ਼ਲ ਮੀਡੀਆ ਉੱਤੇ ਪਾਈ ਗਈ ਪੋਸਟ ਵਿੱਚ ਦਾਅਵਾ ਕੀਤਾ ਗਿਆ ਕਿ 25 ਦਿਨ ਵਧਾਏ ਗਏ ਹਨ ਅਤੇ 25 ਫੀਸਦ ਜ਼ਿਆਦਾ ਆਮਦਨ ਵਧਣ ਦਾ ਭਰੋਸਾ ਮਿਲਿਆ ਹੈ। ਕਿਹਾ ਗਿਆ ਕਿ ਕੰਮ ਕਰਨ ਦਾ ਕਾਨੂੰਨੀ ਅਧਿਕਾਰ ਬਰਕਰਾਰ ਰਹੇਗਾ ਅਤੇ ਬੇਰੁਜ਼ਗਾਰੀ ਭੱਤਾ ਮਿਲਣਾ ਵੀ ਜਾਰੀ ਰਹੇਗਾ। ਸੀਨੀਅਰ ਪੱਤਰਕਾਰ ਹਮੀਰ ਸਿੰਘ ਹ ਕਹਿੰਦੇ ਹਨ, "ਇਸ ਤਜਵੀਜ਼ ਨਾਲ ਕਿਸਾਨਾਂ ਅਤੇ ਮਜ਼ਦੂਰਾਂ ਵਿੱਚ ਇੱਕ ਵਿਰੋਧਾਭਾਸ ਪੈਦਾ ਹੋ ਜਾਵੇਗਾ। ਕਿਸਾਨਾਂ ਨੂੰ ਲੱਗੇਗਾ ਕਿ ਇਹ ਫੈਸਲਾ ਸਾਡੇ ਪੱਖ ਵਿੱਚ ਹੈ ਕਿਉਂਕਿ ਸਸਤੀ ਲੇਬਰ ਮਿਲੇਗੀ। ਜਦੋਂ ਕਿ ਮਜ਼ਦੂਰਾਂ ਨੂੰ ਲੱਗੇਗਾ ਕਿ ਇਹ ਸਾਡੇ ਖ਼ਿਲਾਫ਼ ਹੋ ਗਿਆ। ਇਸ ਨਾਲ ਪਿੰਡ ਦੇ ਭਾਈਚਾਰੇ ਉੱਤੇ ਵੀ ਸਵਾਲ ਹੋਵੇਗਾ। ਪਹਿਲਾਂ ਜੇਕਰ ਮਨਰੇਗਾ ਦੀ ਦਿਹਾੜੀ ਨਾਲੋਂ ਹੋਰ ਕਿਤੇ ਮਜਦੂਰ ਨੂੰ ਵੱਧ ਪੈਸੇ ਮਿਲਦੇ ਸਨ ਤਾਂ ਉਹ ਉੱਥੇ ਚਲਾ ਜਾਂਦਾ ਸੀ ਪਰ ਹੁਣ ਦੋ ਮਹੀਨਿਆਂ ਲਈ ਉਹ ਆਪਸ਼ਨ ਖ਼ਤਮ ਹੋ ਜਾਵੇਗੀ।"




31950 Madiera Place, Abbotsford

BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC

Jasbir Singh Badh

Charlesworth insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
autoplan
"For Fast, Friendly and Reliable Service!"

Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com


Best Rates
ਵਿਆਹ ਦੇ ਕਾਰਡ
Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures All kinds of Signs and Decals
ਲੈਟਰਹੈੱਡ, ਬਿਜ਼ਨਸ ਕਾਰਡ, ਲਫਾਫੇ, ਇਨਵੋਇਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਯੂ.ਪੀ ਦੇ ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਯੂਪੀ ਵੋਟਰ ਸੂਚੀ ਵਿੱਚੋਂ 4 ਕਰੋੜ ਵੋਟਰ ਗਾਇਬ:ਜ਼ਿਆਦਾਤਰ ਭਾਜਪਾ ਸਮਰਥਕ

ਨਵੀਂ ਦਿੱਲੀ: ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਆਦਿੱਤਿਆਨਾਥ ਨੇ ਐਤਵਾਰ (14 ਦਸੰਬਰ) ਨੂੰ ਦਾਅਵਾ ਕੀਤਾ ਕਿ ਵੋਟਰ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਤੀਬਰ ਸੋਧ (ਸ਼੍ਰੀ) ਦੌਰਾਨ ਰਾਜ ਦੀ ਵੋਟਰ ਸੂਚੀ ਵਿੱਚੋਂ 4 ਕਰੋੜ ਵੋਟਰ "ਗਾਇਬ" ਹਨ, ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਭਾਰਤੀ ਜਨਤਾ ਪਾਰਟੀ ਦੇ ਸਮਰਥਕ ਹਨ। ਇੰਡੀਅਨ ਐਕਸਪ੍ਰੈਸ ਦੀ ਇੱਕ ਰਿਪੋਰਟ ਦੇ ਅਨੁਸਾਰ, ਭਾਜਪਾ ਨੇਤਾ ਪੰਕਜ ਚੌਧਰੀ ਨੂੰ ਪਾਰਟੀ ਦੇ ਨਵੇਂ ਸੂਬਾ ਪ੍ਰਧਾਨ ਵਜੋਂ ਐਲਾਨਣ ਲਈ ਇੱਕ ਸਮਾਗਮ ਵਿੱਚ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ, ਆਦਿੱਤਿਆਨਾਥ ਨੇ ਕਿਹਾ, "4 ਕਰੋੜ ਵੋਟਰਾਂ ਦਾ ਅੰਤਰ ਹੈ। ਉਹ ਤੁਹਾਡੇ ਵਿਰੋਧੀ ਨਹੀਂ ਹਨ, ਪਰ ਉਨ੍ਹਾਂ ਵਿੱਚੋਂ 90% ਤੁਹਾਡੇ (ਭਾਜਪਾ) ਵੋਟਰ ਹਨ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਦੀ ਆਬਾਦੀ ਲਗਭਗ 25 ਕਰੋੜ ਹੈ, ਅਤੇ ਉਨ੍ਹਾਂ ਵਿੱਚੋਂ ਲਗਭਗ 65% ਵੋਟਰ ਹੋਣੇ ਚਾਹੀਦੇ ਹਨ, ਜਿਨ੍ਹਾਂ ਵਿੱਚ 18 ਸਾਲ ਦੀ ਉਮਰ ਦੇ ਨੌਜਵਾਨ ਵੀ ਸ਼ਾਮਲ ਹਨ।

ਇੰਡੀਅਨ ਐਕਸਪ੍ਰੈਸ ਦੇ ਅਨੁਸਾਰ, ਮੁੱਖ ਮੰਤਰੀ ਨੇ ਕਿਹਾ, "ਇਸ ਗਣਨਾ ਦੇ ਅਨੁਸਾਰ, ਵੋਟਰਾਂ ਦੀ ਗਿਣਤੀ ਲਗਭਗ 16 ਕਰੋੜ ਹੋਣੀ ਚਾਹੀਦੀ ਹੈ। ਪਰ ਹੁਣ ਤੱਕ ਸ਼੍ਰੀ ਗਿਣਤੀ ਸਿਰਫ 12 ਕਰੋੜ ਦੇ ਆਸ-ਪਾਸ ਹੀ ਨਿਕਲੀ ਹੈ।

ਉਨ੍ਹਾਂ ਦੀਆਂ ਟਿੱਪਣੀਆਂ ਅਜਿਹੇ ਸਮੇਂ ਆਈਆਂ ਹਨ ਜਦੋਂ ਉੱਤਰ ਪ੍ਰਦੇਸ਼ ਸਮੇਤ 12 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੋਟਰ ਸੂਚੀ ਸੋਧ ਦਾ ਕੰਮ ਚੱਲ ਰਿਹਾ ਹੈ। ਬੂਥ-ਪੱਧਰ ਦੇ ਅਧਿਕਾਰੀਆਂ ਨੇ 4 ਨਵੰਬਰ ਨੂੰ ਗਣਨਾ ਫਾਰਮ ਵੰਡਣੇ ਸ਼ੁਰੂ ਕਰ ਦਿੱਤੇ ਸਨ।

(ਮੁੱਖ ਪੰਨੇ ਦੀ ਬਾਕੀ)

ਏਸ਼ੀਅਨ ਕਮਿਊਨਿਟੀ ਨੂੰ ਮਿਲ ਰਹੀਆਂ ਧਮਕੀਆਂ ਚਿੰਤਾਵਾਂ ਵਿਚ ਵਾਧਾ ਕਰ ਰਹੀਆਂ ਹਨ। ਉਧਰ ਐਲਬਰਟਾ ਦੇ ਨਿਆਂ ਮੰਤਰੀ ਮਿੱਕੀ ਆਮੇਰੀ ਨੇ ਕਿਹਾ ਕਿ ਸੂਬਾ ਸਰਕਾਰ ਨਵੀਂ ਸਾਈਬਰ ਕ੍ਰਾਈਮ ਟਾਸਕ ਫੋਰਸ ਬਣਾ ਰਹੀ ਹੈ। ਟਾਸਕ ਫ਼ੋਰਸ ਵੱਲੋਂ ਸੋਸ਼ਲ ਮੀਡੀਆ ਰਾਹੀਂ ਦਿਤੀਆਂ ਜਾਂਦੀਆਂ ਧਮਕੀਆਂ ਦਾ ਜੜ ਤੱਕ ਪੁੱਜਿਆ ਜਾਵੇਗਾ ਅਤੇ ਸ਼ੱਕੀਆਂ ਦੀ ਸ਼ਨਾਖ਼ਤ ਕਰਦਿਆਂ ਕਾਰਵਾਈ ਕੀਤੀ ਜਾਵੇਗੀ। ਦੱਸ ਦੇਈਏ ਕਿ ਪਿਛਲੇ ਹਫ਼ਤੇ ਬਰੈਂਪਟਨ ਵਿਖੇ ਟਾਊਨ ਹਾਲ ਦੌਰਾਨ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਐਕਟੌਰਸ਼ਨ ਦੇ ਹਥਕੰਡੇ ਵਰਤਦਿਆਂ ਪੂਰੀ ਕੌਮ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਅਤੇ ਜਾਨੋ ਮਾਰਨ ਦੀਆਂ ਧਮਕੀਆਂ ਵੱਖਰੇ ਤੌਰ 'ਤੇ ਮਿਲ ਰਹੀਆਂ ਹਨ। ਇਕ ਪਾਸੇ ਕਾਰੋਬਾਰੀਆਂ ਤੋਂ ਲੱਖਾਂ ਡਾਲਰ ਮੰਗੇ ਜਾ ਰਹੇ ਹਨ ਜਦਕਿ ਦੂਜੇ ਪਾਸੇ ਸਿੱਖ ਕਾਰਕੁੰਨਾਂ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ।

ਗੈਂਗਵਾਰਾਂ ਤੇ ਜਬਰੀ ਵਸੂਲੀ ਦੀਆਂ ਵਾਰਦਾਤਾਂ ਦੇ ਮੱਦੇਨਜ਼ਰ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਸਰੀ ਦੇ ਸਿਵਿਕ ਹੋਟਲ ਵਿਖੇ ਇੱਕ ਜਨਤਕ ਬੈਠਕ ਕੀਤੀ ਗਈ। ਇਸ ਮੀਟਿੰਗ 'ਚ ਸੰਸਦ ਮੈਂਬਰ ਪਰਮ ਬੈਂਸ, ਰਣਦੀਪ ਸਰਾਏ, ਡੌਨ ਡੇਵੀਜ਼, ਐੱਮ.ਐੱਲ.ਏ. ਸਟੀਵ ਕੂਨਰ ਸਣੇ ਕਈ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।

ਇਸ ਬੈਠਕ ਦੌਰਾਨ ਇਕ ਨੌਜਵਾਨ ਵੱਲੋਂ ਸਾਂਸਦ ਸਰਾਏ ਤੋਂ ਇਕ ਤਿੱਖਾ ਸਵਾਲ ਪੁੱਛਿਆ ਗਿਆ। ਨੌਜਵਾਨ ਨੇ ਸਰਾਏ ਤੋਂ ਇਕ ਸਵਾਲ ਪੁੱਛਿਆ ਕਿ ਕੈਨੇਡਾ 'ਚ ਭਾਰਤ ਦੀ ਸ਼ਹਿ 'ਤੇ ਹੋ ਰਹੀਆਂ ਵਾਰਦਾਤਾਂ ਦੇ ਮੱਦੇਨਜ਼ਰ ਕੈਨੇਡਾ ਪ੍ਰਸ਼ਾਸਨ ਨੇ ਭਾਰਤ ਦੇ ਖ਼ਿਲਾਫ਼ ਕੀ ਕਾਰਵਾਈ ਕੀਤੀ ਹੈ ? ਇਸ ਦੇ ਜਵਾਬ 'ਚ ਸਾਂਸਦ ਰਣਦੀਪ ਸਰਾਏ ਨੇ ਕਿਹਾ ਕਿ ਇਹ ਇਕ ਰਾਸ਼ਟਰੀ ਮੁੱਦਾ ਹੈ ਤੇ ਇਸ ਬਾਰੇ ਸਰਕਾਰ ਕਾਨੂੰਨੀ ਕੰਮ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਬੀਤੇ ਦਿਨੀਂ ਜੀ-7 'ਚ ਵੀ ਪ੍ਰਧਾਨ ਮੰਤਰੀ ਕਾਰਨੀ ਨੇ ਸ਼ਮੂਲੀਅਤ ਕੀਤੀ ਸੀ ਤੇ ਉੱਥੇ ਵੀ ਅੰਤਰਰਾਸ਼ਟਰੀ ਅੱਤਵਾਦ ਦੇ ਮੁੱਦੇ 'ਤੇ ਖੁੱਲ੍ਹ ਕੇ ਚਰਚਾ ਕੀਤੀ ਗਈ ਹੈ। ਇਸ ਤੋਂ ਬਾਅਦ ਨੌਜਵਾਨ ਨੇ ਦੁਬਾਰਾ ਬੋਲਦੇ ਹੋਏ ਕਿਹਾ ਕਿ ਇਸ ਦਾ ਮਤਲਬ ਇਹ ਹੈ ਕਿ ਕੈਨੇਡਾ ਸਰਕਾਰ ਨੇ ਅਮਿਤ ਸ਼ਾਹ ਦੇ ਬਿਆਨਾਂ ਅਤੇ ਕੈਨੇਡਾ 'ਚ ਹੋ ਰਹੀਆਂ ਹਿੰਸਕ ਘਟਨਾਵਾਂ ਪਿੱਛੇ ਭਾਰਤ ਨੂੰ ਜਨਤਕ ਤੌਰ 'ਤੇ ਜ਼ਿੰਮੇਵਾਰ ਠਹਿਰਾਉਣ ਲਈ ਕੋਈ ਸਖ਼ਤ ਕਦਮ ਨਹੀਂ ਚੁੱਕਿਆ, ਤਾਂ ਸਾਂਸਦ ਸਰਾਏ ਨੇ ਇਕ ਵਾਰ ਫ਼ਿਰ ਤੋਂ ਦੁਹਰਾਇਆ ਕਿ ਇਸ ਮਾਮਲੇ 'ਚ ਸਰਕਾਰ ਕੰਮ ਕਰ ਰਹੀ ਹੈ ਤੇ ਇਸ ਮਾਮਲੇ 'ਚ ਦੋਵੇਂ ਦੇਸ਼ ਮਿਲ ਕੇ ਕੰਮ ਕਰ ਰਹੇ ਹਨ।

FIXMAN
GLASS REPAIR LTD
Auto
Residential
Commercial
"We Are The Clear Choice"
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000

Mandeep Dhaliwal
www.fixmanglass.com Email:fixmanglass@gmail.com

SAVVY
Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases
Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday


CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜ਼ਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)

Punjab TRAVELS
Special offer!

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

ਜੀਵਨ ਸਿੰਘ ਮੋਗਾ
▸▸ ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
▸▸ ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
▸▸ ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5

SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

# 40 ਸਾਲਾ ਮੁਸਲਮਾਨ ਨੂੰ ਭੀੜ ਨੇ ਉਸਦੀ ਧਾਰਮਿਕ ਪਛਾਣ ਬਾਰੇ ਪੁੱਛਣ ਤੋਂ ਬਾਅਦ ਕੁੱਟ-ਕੁੱਟ ਕੇ ਮਾਰਿਆ

ਨਵੀਂ ਦਿੱਲੀ: ਬਿਹਾਰ ਦੇ ਨਵਾਦਾ ਜ਼ਿਲ੍ਹੇ ਵਿੱਚ ਇੱਕ 40 ਸਾਲਾ ਵਿਅਕਤੀ ਨੂੰ ਭੀੜ ਨੇ ਕੁੱਟ-ਕੁੱਟ ਕੇ ਮਾਰ ਦਿੱਤਾ। ਹਮਲਾਵਰਾਂ ਨੇ ਪਹਿਲਾਂ ਉਸਦੀ ਧਾਰਮਿਕ ਪਛਾਣ ਦੀ ਪੁਸ਼ਟੀ ਕੀਤੀ ਅਤੇ ਫਿਰ ਉਸ 'ਤੇ ਹਮਲਾ ਕਰ ਦਿੱਤਾ। ਇਸ ਘਟਨਾ ਨੇ ਨਵੇਂ ਗ੍ਰਹਿ ਮੰਤਰੀ ਸਮਰਾਟ ਚੌਧਰੀ ਦੀ ਅਗਵਾਈ ਹੇਠ ਰਾਜ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਸਵਾਲ ਖੜ੍ਹੇ ਕੀਤੇ ਹਨ।

ਨਿਊ ਇੰਡੀਅਨ ਐਕਸਪ੍ਰੈਸ ਦੇ ਅਨੁਸਾਰ, ਮ੍ਰਿਤਕ ਦੀ ਪਛਾਣ ਮੁਹੰਮਦ ਅਤਹਰ ਹੁਸੈਨ ਵਜੋਂ ਹੋਈ ਹੈ। 5 ਦਸੰਬਰ ਨੂੰ ਨਵਾਦਾ ਜ਼ਿਲ੍ਹੇ ਦੇ ਰੋਹ ਥਾਣਾ ਖੇਤਰ ਵਿੱਚ ਭੀੜ ਦੇ ਹਮਲੇ ਵਿੱਚ ਜ਼ਖਮੀ ਹੋਣ ਤੋਂ ਬਾਅਦ ਸ਼ੁੱਕਰਵਾਰ ਰਾਤ ਨੂੰ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਉਹ ਨਾਲੰਦਾ ਜ਼ਿਲ੍ਹੇ ਦੇ ਲਹਿਰੀ ਥਾਣਾ ਖੇਤਰ ਦੇ ਗਗੰਡੀਹ ਪਿੰਡ ਦਾ ਰਹਿਣ ਵਾਲਾ ਸੀ।

ਆਪਣੀ ਮੌਤ ਤੋਂ ਪਹਿਲਾਂ, ਹੁਸੈਨ ਨੇ ਦੋਸ਼ ਲਗਾਇਆ ਸੀ ਕਿ ਉਸਨੂੰ ਉਸਦੀ ਧਾਰਮਿਕ ਪਛਾਣ ਕਾਰਨ ਨਿਸ਼ਾਨਾ ਬਣਾਇਆ ਗਿਆ ਸੀ। ਘਟਨਾ ਤੋਂ ਬਾਅਦ, ਉਸਨੂੰ ਬਿਹਾਰਸ਼ਰੀਫ ਸਦਰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ, ਜਿੱਥੇ ਸ਼ੁੱਕਰਵਾਰ ਦੇਰ ਰਾਤ ਉਸਦੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਦੇ ਅਨੁਸਾਰ, ਹੁਸੈਨ ਨੇੜਲੇ ਨਵਾਦਾ ਜ਼ਿਲ੍ਹੇ ਦੇ ਪੇਂਡੂ ਖੇਤਰਾਂ ਵਿੱਚ ਕੱਪੜੇ ਵੇਚਦਾ ਸੀ।ਆਪਣੇ ਨਾਲ ਹੋਏ ਅੱਤਿਆਚਾਰਾਂ ਦਾ ਵਰਣਨ ਕਰਦੇ ਹੋਏ, ਹੁਸੈਨ ਨੇ ਕਿਹਾ ਕਿ ਚਾਰ ਜਾਂ ਪੰਜ ਬੰਦਿਆਂ ਦੇ ਇੱਕ ਸਮੂਹ ਨੇ ਉਸਨੂੰ ਜ਼ਬਰਦਸਤੀ ਰੋਕਿਆ, ਉਸਦੀਆਂ ਜੇਬਾਂ ਦੀ ਤਲਾਸ਼ੀ ਲਈ, ਉਸਨੂੰ ਇੱਕ ਕਮਰੇ ਵਿੱਚ ਘਸੀਟਿਆ, ਅਤੇ ਉਸਨੂੰ ਆਪਣੀ ਧਾਰਮਿਕ ਪਛਾਣ ਪ੍ਰਗਟ ਕਰਨ ਲਈ ਮਜਬੂਰ ਕੀਤਾ।ਉਸਨੇ ਕਿਹਾ, "ਉਨ੍ਹਾਂ ਨੇ ਮੈਨੂੰ ਲੋਹੇ ਦੀ ਰਾਡ ਨਾਲ ਕੁੱਟਿਆ ਅਤੇ ਮੇਰੀਆਂ ਉਂਗਲਾਂ ਤੋੜ ਦਿੱਤੀਆਂ।"

ਹੁਸੈਨ ਨੇ ਕਿਹਾ ਕਿ ਬਾਅਦ ਵਿੱਚ ਹੋਰ ਹਮਲਾਵਰ ਆਏ। ਉਸਨੇ ਕਿਹਾ, "ਉਨ੍ਹਾਂ ਨੇ ਮੇਰੇ ਸਰੀਰ 'ਤੇ ਪੈਟਰੋਲ ਪਾ ਦਿੱਤਾ ਅਤੇ ਮੈਨੂੰ ਜ਼ਿੰਦਾ ਸਾੜਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਪਹਿਲਾਂ, ਹਮਲਾਵਰਾਂ ਨੇ ਮੇਰੇ ਪੈਰ, ਉਂਗਲਾਂ ਅਤੇ ਕੰਨਾਂ ਨੂੰ ਕੁਚਲ ਕੇ ਕੁਚਲ ਦਿੱਤਾ ਅਤੇ ਮੈਨੂੰ ਇੱਟਾਂ ਨਾਲ ਮਾਰਿਆ। ਰਹਿਮ ਦੀ ਮੇਰੀ ਵਾਰ-ਵਾਰ ਬੇਨਤੀਆਂ 'ਤੇ ਕੋਈ ਧਿਆਨ ਨਹੀਂ ਦਿੱਤਾ ਗਿਆ।"ਹੁਸੈਨ ਆਪਣੇ ਪਰਿਵਾਰ ਦਾ ਗੁਜ਼ਾਰਾ ਤੋਰਨ ਲਈ ਰੋਹ ਅਤੇ ਨਵਾਦਾ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਕੱਪੜੇ ਵੇਚਦਾ ਸੀ।

ਹੁਸੈਨ ਦੀ ਪਤਨੀ ਨੇ ਮੀਡੀਆ ਨੂੰ ਦੱਸਿਆ, "ਉਹ ਪਰਿਵਾਰ ਦਾ ਇਕਲੌਤਾ ਕਮਾਉਣ ਵਾਲਾ ਸੀ। ਉਹ ਪਿਛਲੇ 20 ਸਾਲਾਂ ਤੋਂ ਇਹ ਕੰਮ ਕਰ ਰਿਹਾ ਸੀ, ਪਰ ਉਸਨੂੰ ਕਦੇ ਕੋਈ ਸਮੱਸਿਆ ਨਹੀਂ ਆਈ।" ਪੁਲਿਸ ਨੂੰ ਜਾਂਚ ਕਰਨੀ ਚਾਹੀਦੀ ਹੈ ਕਿ ਕੀ ਗਲਤ ਹੋਇਆ ਅਤੇ ਉਸਨੂੰ ਕਿਉਂ ਨਿਸ਼ਾਨਾ ਬਣਾਇਆ ਗਿਆ।

ਸ਼ਬਨਮ ਪਰਵੀਨ ਨੇ 10 ਨਾਮਜ਼ਦ ਮੁਲਜ਼ਮਾਂ ਅਤੇ 15 ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਹੈ। ਪੁਲਿਸ ਨੇ ਹੁਣ ਤੱਕ ਚਾਰ ਮੁਲਜ਼ਮਾਂ (ਸੋਨੂੰ ਕੁਮਾਰ, ਰੰਜਨ ਕੁਮਾਰ, ਸਚਿਨ ਕੁਮਾਰ ਅਤੇ ਸ਼੍ਰੀ ਕੁਮਾਰ) ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਰੋਹ ਪੁਲਿਸ ਸਟੇਸ਼ਨ ਦੇ ਇੰਚਾਰਜ ਰੰਜਨ ਕੁਮਾਰ ਨੇ ਕਿਹਾ, "ਬਾਕੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਜਾਰੀ ਹੈ।"

ਐਸਐਚਓ ਨੇ ਪੁਸ਼ਟੀ ਕੀਤੀ ਕਿ ਹਮਲੇ ਤੋਂ ਤੁਰੰਤ ਬਾਅਦ ਐਫਆਈਆਰ ਦਰਜ ਕੀਤੀ ਗਈ ਸੀ ਅਤੇ ਜਾਂਚ ਜਾਰੀ ਹੈ। ਉਨ੍ਹਾਂ ਮ੍ਰਿਤਕ ਦੇ ਪਰਿਵਾਰ ਨੂੰ ਭਰੋਸਾ ਦਿੱਤਾ, "ਅਸੀਂ ਇਸ ਘਟਨਾ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ ਅਤੇ ਮੁਲਜ਼ਮਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।"ਇੱਕ ਫੋਰੈਂਸਿਕ ਟੀਮ ਨੇ ਵੀ ਘਟਨਾ ਸਥਾਨ ਦਾ ਦੌਰਾ ਕੀਤਾ ਹੈ ਅਤੇ ਸਬੂਤ ਇਕੱਠੇ ਕੀਤੇ ਹਨ।ਇਹ ਘਟਨਾ ਨਵਾਦਾ ਵਿੱਚ ਉੱਭਰ ਰਹੇ ਇੱਕ ਚਿੰਤਾਜਨਕ ਪੈਟਰਨ ਦਾ ਹਿੱਸਾ ਹੈ। ਇਕੱਲੇ 2025 ਵਿੱਚ, ਜ਼ਿਲ੍ਹੇ ਨੇ ਭੀੜ ਹਿੰਸਾ ਦੀਆਂ ਕਈ ਘਟਨਾਵਾਂ ਵੇਖੀਆਂ ਹਨ, ਜਿਸ ਵਿੱਚ ਫਰਵਰੀ ਵਿੱਚ ਦੋ ਨੌਜਵਾਨਾਂ ਦੀ ਕੁੱਟ-ਕੁੱਟ ਕੇ ਹੱਤਿਆ ਅਤੇ ਅਗਸਤ ਵਿੱਚ ਜਾਦੂ-ਟੂਣੇ ਦੇ ਦੋਸ਼ ਵਿੱਚ ਇੱਕ ਬਜ਼ੁਰਗ ਜੋੜੇ 'ਤੇ ਹਮਲਾ ਸ਼ਾਮਲ ਹੈ।




# ਅੰਮ੍ਰਿਤਪਾਲ ਸਿੰਘ ਨੇ ਵੀਡੀਓ ਕਾਨਫਰੰਸ ਰਾਹੀਂ ਹਾਈ ਕੋਰਟ 'ਚ ਦਿੱਤੀ ਦਲੀਲ



ਚੰਡੀਗੜ੍ਹ:ਐਨ.ਐਸ.ਏ. (ਰਾਸ਼ਟਰੀ ਸੁਰੱਖਿਆ ਕਾਨੂੰਨ) ਅਧੀਨ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਮੰਗਲਵਾਰ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਅਹਿਮ ਦਲੀਲ ਪੇਸ਼ ਕੀਤੀ। ਵੀਡੀਓ ਕਾਨਫਰੰਸ ਰਾਹੀਂ ਹੋਈ ਸੁਣਵਾਈ ਦੌਰਾਨ ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਦੀ ਨਜ਼ਰਬੰਦੀ ਕਾਰਨ ਉਨ੍ਹਾਂ ਦੇ ਸੰਸਦੀ ਹਲਕੇ ਦਾ ਕੰਮ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ। ਅੰਮ੍ਰਿਤਪਾਲ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਉਹ ਆਪਣੀ ਨਜ਼ਰਬੰਦੀ ਕਾਰਨ ਸੰਸਦ ਵਿੱਚ ਆਪਣੇ ਹਲਕੇ ਦੇ ਬੁਨਿਆਦੀ ਜਨਹਿੱਤ ਮੁੱਦਿਆਂ ਨੂੰ ਉਠਾਉਣ ਤੋਂ ਵਾਂਝੇ ਰਹਿ ਗਏ ਹਨ।ਇਨ੍ਹਾਂ ਮੁੱਦਿਆਂ ਵਿੱਚ ਹੜ੍ਹਾਂ ਦੀ ਸਮੱਸਿਆ, ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਕਥਿਤ ਫਰਜ਼ੀ ਮੁਕਾਬਲਿਆਂ ਦਾ ਮਾਮਲਾ ਸ਼ਾਮਲ ਹੈ। ਸ ਉਨ੍ਹਾਂ ਦਲੀਲ ਦਿੱਤੀ ਕਿ ਐਨ.ਐਸ.ਏ. ਅਧੀਨ ਉਨ੍ਹਾਂ ਦੀ ਲਗਾਤਾਰ ਨਜ਼ਰਬੰਦੀ ਨੇ ਇੱਕ ਚੁਣੇ ਹੋਏ ਪ੍ਰਤੀਨਿਧੀ ਦੇ ਸੰਵਿਧਾਨਕ ਫਰਜ਼ਾਂ ਦੀ ਪੂਰਤੀ ਵਿੱਚ ਪੂਰੀ ਤਰ੍ਹਾਂ ਰੁਕਾਵਟ ਪਾਈ ਹੈ।ਉਨ੍ਹਾਂ ਕਿਹਾ ਕਿ ਇਸ ਨਾਲ ਨਾ ਸਿਰਫ਼ ਉਨ੍ਹਾਂ ਦੇ ਅਧਿਕਾਰ ਪ੍ਰਭਾਵਿਤ ਹੋਏ ਹਨ, ਸਗੋਂ ਉਨ੍ਹਾਂ ਵੋਟਰਾਂ ਦੀ ਆਵਾਜ਼ ਵੀ ਪ੍ਰਭਾਵਿਤ ਹੋਈ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਸੰਸਦ ਵਿੱਚ ਭੇਜਿਆ ਸੀ।

# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

## 11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*20 ਦਸੰਬਰ ਦਿਨ ਸ਼ਨਿੱਚਰਵਾਰ ਅਮਨਦੀਪ ਸਿੰਘ ਅਤੇ ਨਵਜੋਤ ਕੌਰ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ ।

*20 ਦਸੰਬਰ ਦਿਨ ਸ਼ਨਿੱਚਰਵਾਰ ਸੌਕਰ ਅਕੈਡਮੀ ਵੱਲੋਂ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*21 ਦਸੰਬਰ ਦਿਨ ਐਤਵਾਰ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਤੇ ਲੰਗਰ ਦੀ ਸੇਵਾ ਰਜਿੰਦਰ ਸਿੰਘ ਗਿੱਲ ਪਰਿਵਾਰ ਵੱਲੋਂ ਹੋਵੇਗੀ।

*23 ਦਸੰਬਰ ਦਿਨ ਮੰਗਲਵਾਰ ਅਕਾਲ ਡੀਜਲ ਰਿਪੇਅਰ ਕੰਪਨੀ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 25 ਦਸੰਬਰ ਦਿਨ ਵੀਰਵਾਰ ਨੂੰ ਭੋਗ ਪਾਏ ਜਾਣਗੇ।

*24 ਦਸੰਬਰ ਦਿਨ ਬੁੱਧਵਾਰ 4 ਸਾਹਿਬਜਾਦੇ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਆਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 26 ਦਸੰਬਰ ਦਿਨ ਸ਼ੁੱਕਰਵਾਰ ਸਵੇਰੇ ਭੋਗ ਪਾਏ ਜਾਣਗੇ।ਉਪਰੰਤ ਦੀਵਾਨ ਸਜਣਗੇ।

*25 ਦਸੰਬਰ ਦਿਨ ਵੀਰਵਾਰ ਬੱਚੀ ਸੁਖਜੀਤ ਕੌਰ ਵੱਲੋਂ ਸਹਿਜਪਾਠ ਆਰੰਭ ਹੋਣਗੇ।

*26 ਦਸੰਬਰ ਤੋਂ ਸੰਤ ਬਾਬਾ ਅਤਰ ਸਿੰਘ ਜੀ ਦੇ ਸਬੰਧ ਵਿਚ ਅਖੰਡਪਾਠ ਸਾਹਿਬ ਦੀ ਲੜੀ ਆਰੰਭ ਹੋਵੇਗੀ, ਖਟੜਾ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 28 ਦਸੰਬਰ ਦਿਨ ਐਤਵਾਰ ਸਵੇਰੇ ਭੋਗ ਪੈਣਗੇ।

27 ਦਸੰਬਰ ਦਿਨ ਸ਼ਨਿੱਚਰਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਦੇ ਸਬੰਧ ਵਿਚ ਦੀਵਾਨ ਜਾਪ ਸਾਹਿਬ ਦੇ ਕੀਰਤਨ ਨਾਲ ਅਰੰਭ ਹੋਣਗੇ, ਸੇਵਾ ਸਮੂਹ ਅਫਗਾਨਿਸਤਾਨ ਦੀ ਸੰਗਤ ਵੱਲੋਂ। ਹਾਲ ਨੰ:2 ਵਿਚ ਗੁਰਵਿੰਦਰਜੀਤ ਸਿੰਘ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

**ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ**

ਵਾਹਿਗੁਰੂ ਜੀ ਕਾ ਖਾਲਸਾ।।
ਵਾਹਿਗੁਰੂ ਜੀ ਕੀ ਫਤਹਿ।।
ਗੁ. ਗੁਰਸਾਗਰ ਮਸਤੂਆਣਾ ਸਾਹਿਬ ਸਰੀ ਵਿਖੇ

**ਗੁਰਬਾਣੀ ਸਿਮਰਨ**

**ਹਰ ਐਤਵਾਰ**

**ਦੁਪਹਿਰ 1 ਤੋਂ 4 ਵਜੇ ਤੱਕ**

ਹੁੰਦੇ ਹਨ, ਸਭ ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ



**1 ਦਸੰਬਰ ਤੋਂ 28 ਦਸੰਬਰ ਤੱਕ ਸ਼ਾਮ 6 ਵਜੇ ਤੋਂ 6.30 ਵਜੇ ਤੱਕ ਗੁਰਮੰਤਰ ਦੇ ਜਾਪ ਸਮੂਹ ਸ਼ਹੀਦਾਂ ਦੀ ਯਾਦ ਵਿਚ ਹੋਣਗੇ।**

## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

**ਰਾਗੀ ਜੱਥਾ**
ਸਤਨਾਮ ਸਿੰਘ
ਲੁਧਿਆਣੇ ਵਾਲੇ

**ਕਥਾਵਾਚਕ**
ਗਿਆਨੀ ਨਿਰਵੈਲ ਸਿੰਘ
ਬੀੜ ਬਾਬਾ ਬੁੱਢਾ ਜੀ ਵਾਲੇ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-585-0319

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ

**ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319**

**ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007**

# ਮਦਨ ਗੋਪਾਲ ਤਿਵਾਰੀ ਨੇ 14 ਸਾਲਾ ਸਾਹਿਲ ਅੰਸਾਰੀ ਦੇ ਮਾਰੀ ਗੋਲੀ

ਦਿੱਲੀ (ਪ੍ਰੇਰਨਾ)”ਜਿਵੇਂ ਹੀ ਰਾਤ ਦੇ 9 ਵਜਦੇ ਹਨ, ਅਜਿਹਾ ਲੱਗਦਾ ਹੈ ਜਿਵੇਂ ਸਾਹਿਲ ਦਰਵਾਜ਼ੇ ‘ਤੇ ਖੜ੍ਹਾ ਹੋਵੇ... ਕਹਿ ਰਿਹਾ ਹੋਵੇ, ‘ਅੰਮੀ, ਗੇਟ ਖੋਲ੍ਹੋ... ਮੈਂ ਆ ਗਿਆ ਹਾਂ।‘ ਅਸੀਂ ਜਾਣਦੇ ਹਾਂ ਕਿ ਉਹ ਇਸ ਦੁਨੀਆਂ ਵਿੱਚ ਨਹੀਂ ਹੈ, ਪਰ ਸਾਨੂੰ ਅਜੇ ਦਿਲ ਨੂੰ ਤਸੱਲੀ ਰਹਿੰਦੀ ਹੈ ਕਿ ਉਹ ਆਵੇਗਾ, ਉਸ ਦੇ ਇੰਤਜ਼ਾਰ ਵਿੱਚ ਰਾਤ ਦੇ ਇੱਕ ਵਜੇ ਤੱਕ ਨੀਂਦ ਨਹੀਂ ਆਉਂਦੀ।“ਇਹ ਸ਼ਬਦ ਦਿੱਲੀ ਦੇ ਸ਼ਾਹਦਰਾ ਵਿੱਚ ਰਹਿਣ ਵਾਲੀ 42 ਸਾਲਾ ਨਿਸ਼ਾ ਅੰਸਾਰੀ ਦੇ ਹਨ, ਇਹ ਪਹਿਲੀ ਵਾਰ ਨਹੀਂ ਹੈ ਜਦੋਂ ਨਿਸ਼ਾ ਆਪਣੀ ਔਲਾਦ ਨੂੰ ਗੁਆਉਣ ਦੇ ਦਰਦ ਵਿੱਚੋਂ ਲੰਘ ਰਹੀ ਹੈ।ਪਿਛਲੇ ਪੰਜ ਸਾਲਾਂ ਵਿੱਚ ਉਹ ਆਪਣੇ ਦੋ ਪੁੱਤਰਾਂ ਨੂੰ ਗੁਆ ਚੁੱਕੀ ਹੈ।ਸਾਲ 2020 ਵਿੱਚ ਇੱਕ ਜਾਨਲੇਵਾ ਬਿਮਾਰੀ ਨੇ ਜਿੱਥੇ ਉਨ੍ਹਾਂ ਦੇ 18 ਸਾਲਾ ਪੁੱਤਰ ਨੂੰ ਖੋਹ ਲਿਆ ਸੀ, ਉੱਥੇ ਹੀ ਲੰਘੀ 29 ਨਵੰਬਰ ਨੂੰ ਸੀਆਈਐੱਸਐੱਫ ਦੇ ਹੈੱਡ ਕਾਂਸਟੈਬਲ ਮਦਨ ਗੋਪਾਲ ਤਿਵਾਰੀ ਦੀ ਪਿਸਤੌਲ ਤੋਂ ਨਿਕਲੀ ਇੱਕ ਗੋਲੀ ਨੇ ਉਨ੍ਹਾਂ ਦੇ 14 ਸਾਲ ਦੇ ਪੁੱਤਰ ਸਾਹਿਲ ਦੀ ਜਾਨ ਲੈ ਲਈ।

ਮੁਲਜ਼ਮ ਦੇ ਪਰਿਵਾਰ ਨੇ ਜਾਣਬੁਝ ਕੇ ਗੋਲੀ ਮਾਰਨ ਦੇ ਇਲਜ਼ਾਮਾਂ ਤੋਂ ਇਨਕਾਰ ਕੀਤਾ ਹੈ ਅਤੇ ਕਿਹਾ ਹੈ ਕਿ ‘ਗੋਲੀ ਗਲਤੀ ਨਾਲ ਚੱਲ ਗਈ ਸੀ।ਇਲਜ਼ਾਮ ਹੈ ਕਿ ਮਦਨ ਗੋਪਾਲ ਤਿਵਾਰੀ ਨੇ ਗੋਲੀ ਸਿਰਫ਼ ਇਸ ਲਈ ਚਲਾਈ ਕਿਉਂਕਿ ਸਾਹਿਲ ਉਨ੍ਹਾਂ ਦੇ ਭਰਾ ਦੀ ਬਰਾਤ ਵਿੱਚੋਂ ਪੈਸੇ ਲੁੱਟ ਰਿਹਾ ਸੀ।ਨਿਸ਼ਾ ਅੰਸਾਰੀ ਕਹਿੰਦੀ ਹੈ, “ਵਿਆਹ ਵਿੱਚ ਪੈਸੇ ਕਿਸ ਲਈ ਲੁਟਾਏ ਜਾਂਦੇ ਹਨ, ਲੁੱਟਣ ਲਈ ਹੀ ਨਾ? ਅਤੇ ਉਹ ਪੈਸੇ ਤਾਂ ਅਸਲੀ ਵੀ ਨਹੀਂ ਸਨ। ਨਕਲੀ ਪੈਸਿਆਂ ਲਈ ਮੇਰੇ ਪੁੱਤਰ ‘ਤੇ ਗੋਲੀ ਚਲਾ ਦਿੱਤੀ। ਅਜਿਹੇ ਇਨਸਾਨ ਨੂੰ ਜੀਣ ਦਾ ਹੱਕ ਨਹੀਂ ਹੈ।“

“ਸਰਕਾਰ ਇਸੇ ਲਈ ਉਨ੍ਹਾਂ ਨੂੰ ਬੰਦੂਕ ਦਿੰਦੀ ਹੈ ਕਿ? ਗੋਲੀ ਚਲਾਉਣੀ ਹੀ ਹੈ ਤਾਂ ਬਾਰਡਰ ‘ਤੇ ਚਲਾਉਂਦੇ, ਅੱਤਵਾਦੀ ‘ਤੇ ਚਲਾਉਂਦੇ, ਮਾਸੂਮ ਬੱਚੇ ਨੇ ਕੀ ਵਿਗਾੜਿਆ ਸੀ?”ਸਾਹਿਲ ਦੀ ਉਮਰ ਮਹਿਜ਼ 14 ਸਾਲ ਦੀ ਸੀ। ਛੇ ਮਹੀਨੇ ਪਹਿਲਾਂ ਪਿਤਾ ਦੇ ਸਰੀਰ ਦਾ ਇੱਕ ਹਿੱਸਾ ਮਾਰੇ ਜਾਣ ਦੇ ਬਾਵਜੂਦ ਨੇੜਲੀ ਹੀ ਕਿਰਾਏ ਦੀ ਦਕਾਨ ਉੱਤੇ ਕੰਮ ਕਰਨਾ ਸ਼ੁਰੂ ਕੀਤਾ ਸੀ। ਬੀਤੇ 29 ਨਵੰਬਰ ਦੀ ਰਾਤ ਕੰਮ ਖ਼ਤਮ ਕਰ ਕੇ ਉਹ ਘਰ ਲਈ ਨਿਕਲੇ ਤਾਂ ਘਰ ਪਹੁੰਚ ਹੀ ਨਹੀਂ ਸਕੇ।ਉਨ੍ਹਾਂ ਦੇ ਪਿਤਾ ਸਿਰਾਜੂਦੀਨ ਅੰਸਾਰੀ ਦੱਸਦੇ ਹਨ, “29 ਦੀ ਰਾਤ ਕਰੀਬ ਨੌ ਵਜੇ ਮੇਰਾ ਛੋਟਾ ਪੁੱਤਰ ਸਾਜਿਮ ਅਤੇ ਉਨ੍ਹਾਂ ਦੇ ਨਾਲ ਦੋ ਹੋਰ ਮੁੰਡੇ ਦੌੜਦੇ ਹੋਏ ਘਰ ਆਏ ਅਤੇ ਕਹਿਣ ਲੱਗੇ ਕਿ ਪਾਪਾ ਸਾਹਿਲ ਨੂੰ ਗੋਲੀ ਮਾਰ ਦਿੱਤੀ।“

“ਮੈਂ ਸੋਚਿਆ ਬੱਚੇ ਮਜ਼ਾਕ ਕਰ ਰਹੇ ਹੋਣਗੇ ਪਰ ਰੋ ਰੋ ਕੇ ਕਹਿਣ ਲੱਗਾ... ਨਹੀਂ ਮਾਰ ਦਿੱਤਾ ਉਸ ਨੂੰ... ਮੈਨੂੰ ਤਾਂ ਸਰੀਰ ਵਿੱਚ ਥੋੜ੍ਹੀ ਦਿੱਕਤ ਹੈ ਤਾਂ ਮੈਂ ਹੌਲੀ-ਹੌਲੀ ਤੜਫਦਾ ਹਾਂ ਇਸ ਲਈ ਸਾਹਿਲ ਦੀ ਮਾਂ ਤੁਰੰਤ ਰਵਾਨਾ ਹੋਈ। ਘਰੋਂ ਥੋੜ੍ਹੀ ਹੀ ਦੂਰ ਕਮਿਊਨਿਟੀ ਹਾਲ ਦੇ ਕੋਲ ਉਨ੍ਹਾਂ ਨੂੰ ਸਾਹਿਲ ਜ਼ਮੀਨ ‘ਤੇ ਡਿੱਗਿਆ ਹੋਇਆ ਮਿਲਿਆ। ਉਹ ਮਰ ਗਿਆ ਸੀ।“ਪਰਿਵਾਰ ਦਾ ਕਹਿਣਾ ਹੈ ਕਿ ਸਾਹਿਲ ਉਸ ਰਾਤ ਘਰ ਵਾਪਸ ਆ ਰਿਹਾ ਸੀ ਜਦੋਂ ਉਸ ਦੀ ਨਜ਼ਰ ਬਰਾਤ ਵਿੱਚ ਪੈਸੇ ਲੁਟਾ ਰਹੇ ਮਦਨ ਗੋਪਾਲ ਤਿਵਾਰੀ ‘ਤੇ ਪਈ। ਉਸਨੇ ਉਨ੍ਹਾਂ ਦੇ ਸਾਹਮਣੇ ਸੜਕ ਤੋਂ ਪੈਸੇ ਚੁੱਕਣੇ ਸ਼ੁਰੂ ਕਰ ਦਿੱਤੇ।ਪਰਿਵਾਰ ਦਾ ਇਲਜ਼ਾਮ ਹੈ ਕਿ ਇਸ ਤੋਂ ਨਰਾਜ਼ ਮਦਨ ਗੋਪਾਲ ਤਿਵਾਰੀ ਨੇ ਪਹਿਲਾਂ ਸਾਹਿਲ ਨੂੰ ਕੁੱਟਿਆ ਅਤੇ ਫਿਰ ਉਸ ਨੂੰ ਗੋਲੀ ਮਾਰ ਦਿੱਤੀ।ਉਸਦੀ ਮਾਂ ਕਹਿੰਦੀ ਹੈ, “ਮੈਂ ਉਸ ਨੂੰ ਦੇਖ ਕੇ ਬੇਹੋਸ਼ ਹੋ ਗਈ। ਇੱਕ ਗੁਆਂਢੀ ਨੇ ਮੈਨੂੰ ਚੁੱਕਿਆ। ਮੇਰਾ ਪੁੱਤਰ ਉੱਥੇ ਪਿਆ ਸੀ। ਲੋਕਾਂ ਦੀ ਭੀੜ ਸੀ, ਪਰ ਕਿਸੇ ਨੇ ਉਸ ਨੂੰ ਹਸਪਤਾਲ ਲੈ ਕੇ ਜਾਣ ਦੀ ਖੇਚਲ ਨਹੀਂ ਕੀਤੀ। ਅਸੀਂ ਉਸ ਨੂੰ ਨੇੜਲੇ ਹੇਡਗੇਵਾਰ ਹਸਪਤਾਲ ਲੈ ਗਏ, ਪਰ ਉਹ ਪਹਿਲਾਂ ਹੀ ਮਰ ਗਿਆ ਸੀ।ਝਾਰਖੰਡ ਦੇ ਗੋਡਾ ਜ਼ਿਲ੍ਹੇ ਤੋਂ, ਸਾਹਿਲ ਦਾ ਪਰਿਵਾਰ ਇਸ ਸਮੇਂ ਸ਼ਾਹਦਰਾ ਵਿੱਚ ਇੱਕ ਛੋਟੇ ਜਿਹੇ, ਚਾਰ ਬਾਈ ਚਾਰ ਕਮਰੇ ਵਿੱਚ ਰਹਿੰਦਾ ਹੈ।ਪਿਤਾ ਸਿਰਾਜੂਦੀਨ ਅੰਸਾਰੀ ਇੱਕ ਦਿਹਾੜੀਦਾਰ ਮਜ਼ਦੂਰ ਹਨ ਪਰ ਛੇ ਮਹੀਨੇ ਪਹਿਲਾਂ ਸਰੀਰਕ ਬਿਮਾਰੀ ਤੋਂ ਬਾਅਦ ਉਹ ਸਿਰਫ਼ ਥੋੜ੍ਹਾ ਜਿਹਾ ਕੰਮ ਕਰਨ ਦੇ ਯੋਗ ਹਨ। ਇਸ ਲਈ ਸਾਹਿਲ ਨੇ ਘਰ ਦੀ ਭਾਰੀ ਜ਼ਿੰਮੇਵਾਰੀ ਆਪਣੇ ਛੋਟੇ ਮੋਢਿਆਂ ‘ਤੇ ਚੁੱਕੀ।ਆਪਣੇ ਬੇਟੇ ਬਾਰੇ ਦੱਸਦੇ ਹੋਏ ਨਿਸ਼ਾ ਅੰਸਾਰੀ ਕਹਿੰਦੀ ਹੈ, “ਮੇਰਾ ਪੁੱਤਰ ਇੱਕ ਕੀੜੀ ਨਹੀਂ ਮਾਰ ਸਕਦਾ। ਤੁਸੀਂ ਆਂਢੀਆਂ-ਗੁਆਂਢੀਆਂ ਨੂੰ ਪੁੱਛ ਲਓ, ਕਿਸੇ ਨਾਲ ਨਾ ਲੜਨਾ, ਨਾ ਝਗੜਨਾ, ਗਾਲ ਤੱਕ ਨਹੀਂ ਦੇਣੀ ਆਉਂਦੀ ਸੀ।““ਹਮੇਸ਼ਾ ਚੁੱਪ ਰਹਿੰਦਾ ਸੀ, ਲੋਕ ਸਮਝਦੇ ਸਨ ਗੂੰਗਾ ਹੈ। ਉਸ ਦਾ ਧਿਆਨ ਸਿਰਫ਼ ਇਸ ਵਿੱਚ ਰਹਿੰਦਾ ਸੀ ਕਿ ਕਿਵੇਂ ਦੋ ਪੈਸੇ ਕਮਾਏ ਤਾਂ ਜੋ ਪਾਪਾ ਦੀ ਦਵਾਈ ਆ ਸਕੇ, ਘਰ ਦਾ ਖਰਚ ਚੰਗੀ ਤਰ੍ਹਾਂ ਨਿਕਲ ਜਾਵੇ।“ਉਹ ਮਾਮਲੇ ਵਿੱਚ ਮੁਲਜ਼ਮ ਸੀਆਈਐੱਸਐੱਫ ਦੇ ਹੈੱਡ ਕਾਂਸਟੈਬਲ ਮਦਨ ਗੋਪਾਲ ਤਿਵਾਰੀ ਨੂੰ ਫਾਂਸੀ ਜਾਂ ਫਿਰ ਉਮਰ ਕੈਦ ਦਿੱਤੇ ਜਾਣ ਦੀ ਮੰਗ ਕਰਦੀ ਹੈ।ਮਦਨ ਗੋਪਾਲ ਤਿਵਾਰੀ ਫਿਲਹਾਲ ਨਿਆਂਇਕ ਹਿਰਾਸਤ ਵਿੱਚ ਹਨ। ਸ਼ਾਹਦਰਾ ਦੇ ਡਿਪਟੀ ਕਮਿਸ਼ਨਰ ਪ੍ਰਸ਼ਾਂਤ ਗੌਤਮ ਦਾ ਕਹਿਣਾ ਹੈ, “ਘਟਨਾ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਫਰਾਰ ਸੀ। ਮਾਮਲੇ ਦੀ ਜਾਂਚ ਲਈ ਸੀਮਾਪੁਰੀ ਦੇ ਏਸੀਪੀ ਅਤੇ ਮਾਨਸਰੋਵਰ ਪੁਲਿਸ ਸਟੇਸ਼ਨ ਦੇ ਐੱਸਐੱਚਓ ਦੀ ਨਿਗਰਾਨੀ ਹੇਠ ਇੱਕ ਟੀਮ ਬਣਾਈ ਗਈ ਸੀ।ਸਥਾਨਕ ਪੁੱਛਗਿੱਛ ਅਤੇ ਵਿਆਹ ਸਥਾਨ ਤੋਂ ਸੀਸੀਟੀਵੀ ਫੁਟੇਜ ਦੀ ਮਦਦ ਨਾਲ ਮੁਲਜ਼ਮਾ ਨੂੰ ਅਗਲੇ ਹੀ ਦਿਨ, 30 ਨਵੰਬਰ ਨੂੰ ਉੱਤਰ ਪ੍ਰਦੇਸ਼ ਦੇ ਇਟਾਵਾ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ।“ਤਸਵੀਰ ਕੈਪਸ਼ਨ,30 ਨਵੰਬਰ ਨੂੰ ਪੁਲਿਸ ਨੇ ਮੁਲਜ਼ਮ ਮਦਨ ਗੋਪਾਲ ਤਿਵਾਰੀ ਨੂੰ ਇਟਾਵਾ, ਉੱਤਰ ਪ੍ਰਦੇਸ਼ ਤੋਂ ਗ੍ਰਿਫ਼ਤਾਰ ਕੀਤਾਡੀਸੀਪੀ ਦੇ ਅਨੁਸਾਰ, ਮੁਲਜ਼ਮ ਨੇ ਪੁੱਛਗਿੱਛ ਦੌਰਾਨ ਗੋਲੀ ਚਲਾਉਣ ਦੀ ਗੱਲ ਕਬੂਲ ਕਰ ਲਈ ਹੈ।ਪੁਲਿਸ ਦੇ ਅਨੁਸਾਰ ਉਸ ਨੇ ਮੰਨਿਆ, “ਬਰਾਤ ਦੌਰਾਨ ਜਦੋਂ ਉੱਥੇ ਮੌਜੂਦ ਬੱਚੇ ਉਸ ਵੱਲੋਂ ਸੁੱਟੇ ਗਏ ਪੈਸੇ ਚੁੱਕਣ ਲੱਗੇ, ਤਾਂ ਉਹ ਗੁੱਸੇ ਵਿੱਚ ਆ ਗਿਆ ਅਤੇ ਇੱਕ ਬੱਚੇ ‘ਤੇ ਗੋਲੀ ਚਲਾ ਦਿੱਤੀ।“ਮੁਲਜ਼ਮ ਵੱਲੋਂ ਗੋਲੀ ਚਲਾਉਣ ਲਈ ਵਰਤਿਆ ਗਿਆ ਪਿਸਤੌਲ ਇੱਕ ਲਾਇਸੈਂਸੀ .32 ਬੋਰ ਪਿਸਤੌਲ ਸੀ।




**THANDI AUTO CARE CENTRE LTD**

**WE DO REPAIR OF ALL MAKES & MODELS**

- General Repairs
- Transmission- Brakes
- Tune Ups - Mufflers
- Electrical Problems
